**Directorate Of Education, GNCT Of Delhi**

**Practice Paper**

**Session: 2024-25**

**Class: VIII**

**Subject: Punjabi**

**Duration: 2 ½ hrs** **M.M: 60**

| **ਆਮ ਨਿਰਦੇਸ਼** |
|---|
| ❖ ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ।<br>❖ ਹਰੇਕ ਭਾਗ ਨੂੰ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਹਲ ਕਰਨ ਦਾ ਯਤਨ ਕਰੋ।<br>❖ ਬਹੁਵਿਕਲਪੀ ਪ੍ਰਸ਼ਨਾਂ ਦੇ ਵਿਕਲਪ ਨੰਬਰ ਨਾਲ ਉਹਨਾਂ ਦੇ ਉੱਤਰ ਵੀ ਲਿਖੋ। |

| **ਪ੍ਰਸ਼ਨ** | **ਭਾਗ-ੳ (ਪੜ੍ਹਨ ਕੌਸ਼ਲ)** | **ਅੰਕ** |
|---|---|---|
| 1. | ਹੇਠ ਦਿੱਤੇ ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ।<br>ਕੰਪਿਊਟਰ ਇੱਕ ਇਲੈਕਟ੍ਰਾਨਿਕ ਉਪਕਰਣ ਹੈ ਜਿਸਦੀ ਖੋਜ ਚਾਰਲਸ ਬੈਬੇਜ ਨੇ ਕੀਤੀ। ਉਸਨੂੰ ਕੰਪਿਊਟਰ ਦਾ ਪਿਤਾ ਕਿਹਾ ਜਾਂਦਾ ਹੈ। ਕੰਪਿਊਟਰ ਦੇ ਕਈ ਹਿੱਸੇ ਹੁੰਦੇ ਹਨ। ਕੰਪਿਊਟਰ ਦੇ ਚਾਰ ਪ੍ਰਮੁੱਖ ਭਾਗ ਮਾਊਸ,ਕੀਬੋਰਡ,ਮੋਨੀਟਰ ਅਤੇ ਸੀ.ਪੀ.ਯੂ ਹਨ। ਕੰਪਿਊਟਰ ਨਾਲ ਅਸੀਂ ਈਮੇਲਾਂ ਰਾਹੀਂ ਸੁਨੇਹੇ ਭੇਜ ਅਤੇ ਪ੍ਰਾਪਤ ਕਰ ਸਕਦੇ ਹਾਂ ਅਤੇ ਮਹੱਤਵਪੂਰਨ ਜਾਣਕਾਰੀ ਨੂੰ ਸੁਰੱਖਿਅਤ ਕਰ ਸਕਦੇ ਹਾਂ। ਇਹ ਡਾਟਾ ਨੂੰ ਸਟੋਰ ਕਰਨ ਅਤੇ ਸੋਧਣ ਵਿੱਚ ਮਦਦ ਕਰਦਾ ਹੈ। ਅੱਜ-ਕੱਲ ਸਕੂਲਾਂ,ਬੈਂਕਾਂ,ਦਫ਼ਤਰਾਂ ਆਦਿ ਵਿੱਚ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ। ਹੁਣ ਕੰਪਿਊਟਰ ਤੋਂ ਬਿਨਾਂ ਜਿਊਣਾ ਅਸੰਭਵ ਹੈ। ਕਿਸੇ ਵੀ ਦਫ਼ਤਰ ਨੂੰ ਚਲਾਉਣ ਲਈ ਕੰਪਿਊਟਰ ਲਾਜ਼ਮੀ ਹੈ। ਕੰਪਿਊਟਰ ਨੇ ਹਰੇਕ ਉਮਰ ਦੇ ਲੋਕਾਂ ਦੀ ਜ਼ਿੰਦਗੀ ਨੂੰ ਆਸਾਨ ਬਣਾ ਦਿੱਤਾ ਹੈ।<br>ੳ. ਕੰਪਿਊਟਰ ਕਿਸ ਤਰ੍ਹਾਂ ਦਾ ਉਪਕਰਣ ਹੈ?<br>i) ਕੁਦਰਤੀ ii) ਹਵਾਈ<br>iii) ਇਲੈਕਟ੍ਰਾਨਿਕ iv) ਜ਼ਮੀਨੀ<br>ਅ. ਕੰਪਿਊਟਰ ਦਾ ਪਿਤਾ ਕਿਸਨੂੰ ਕਿਹਾ ਜਾਂਦਾ ਹੈ?<br>i) ਚਾਰਲਸ ਬੈਕਹਮ ii) ਚਾਰਲਸ ਡੇਵਿਡ<br>iii) ਚਾਰਲਸ ਹੋਕਿੰਜ਼ iv) ਚਾਰਲਸ ਬੈਬੇਜ<br>ੲ. ਕੰਪਿਊਟਰ ਨਾਲ ਅਸੀਂ ਸੁਨੇਹੇ ਕਿਵੇਂ ਭੇਜ ਅਤੇ ਪ੍ਰਾਪਤ ਕਰ ਸਕਦੇ ਹਾਂ?<br>i) ਈਮੇਲ ਰਾਹੀਂ ii) ਚਿੱਠੀ ਰਾਹੀਂ | 2x5 =10 |

| | | |
|---|---|---|
| | iii) ਕਬੂਤਰ ਰਾਹੀਂ iv) ਕੋਰੀਅਰ ਰਾਹੀਂ<br>ਸ. ਕੰਪਿਊਟਰ ਡਾਟਾ ਨੂੰ ਸਟੋਰ ਕਰਨ ਅਤੇ ਸੋਧਣ ਵਿੱਚ-<br>i) ਸੰਕੇਤ ਕਰਦਾ ਹੈ ii) ਮਦਦ ਕਰਦਾ ਹੈ<br>iii) ਰੁਕਾਵਟ ਕਰਦਾ ਹੈ iv) ਵਿਰੋਧ ਕਰਦਾ ਹੈ<br>ਹ. ਕੰਪਿਊਟਰ ਨੇ ਕਿਹਨਾਂ ਦੀ ਜ਼ਿੰਦਗੀ ਨੂੰ ਆਸਾਨ ਕਰ ਦਿੱਤਾ ਹੈ?<br>i) ਦਫ਼ਤਰੀ ਕਰਮਚਾਰੀਆਂ ਦੀ ii) ਨੌਜੁਆਨਾਂ ਦੀ<br>iii) ਹਰੇਕ ਉਮਰ ਦੇ ਲੋਕਾਂ ਦੀ iv) ਕੇਵਲ ਬੱਚਿਆਂ ਦੀ | |
| | **ਭਾਗ- ਅ (ਵਿਆਕਰਨ)** | |
| 2. | ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਲਿਖੋ। (ਕੋਈ ਦਸ)<br>ੳ. 'ਮੇਲਾ' ਸ਼ਬਦ ਦਾ ਹੇਠ ਲਿਖੇ ਅਨੁਸਾਰ ਸਹੀ ਵਚਨ ਬਦਲੋ।<br>i) ਮੇਲਣ ii) ਮਿਲਣਾ<br>iii) ਮੇਲੇ iv) ਮੇਲ<br>ਅ. 'ਭੈਣ' ਸ਼ਬਦ ਦਾ ਹੇਠ ਲਿਖੇ ਅਨੁਸਾਰ ਸਹੀ ਪੁਲਿੰਗ ਸ਼ਬਦ ਚੁਣੋ।<br>i) ਭੈਣਾਂ ii) ਕੁੜੀ<br>iii) ਭਰਾ iv) ਬੀਬਾ<br>ੲ. 'ਬਹਾਦਰ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ।<br>i) ਬਲਵਾਨ ii) ਹਿੰਮਤੀ<br>iii) ਡਰਪੋਕ iv) ਕਮਜ਼ੋਰ<br>ਸ. ਹੇਠ ਲਿਖੇ ਅਨੁਸਾਰ ਸਹੀ ਤਰਤੀਬ ਵਾਲਾ ਵਾਕ ਚੁਣੋ।<br>i) ਰੁੱਖਾਂ ਦੀ ਮਹੱਤਤਾ ਬਾਰੇ ਜਾਣਦੇ ਹਾਂ ਅਸੀਂ ਸਾਰੇ।<br>ii) ਅਸੀਂ ਸਾਰੇ ਜਾਣਦੇ ਹਾਂ ਰੁੱਖਾਂ ਦੀ ਮਹੱਤਤਾ ਬਾਰੇ।<br>iii) ਰੁੱਖਾਂ ਦੀ ਮਹੱਤਤਾ ਬਾਰੇ ਅਸੀਂ ਸਾਰੇ ਜਾਣਦੇ ਹਾਂ<br>iv) ਅਸੀਂ ਸਾਰੇ ਰੁੱਖਾਂ ਦੀ ਮਹੱਤਤਾ ਬਾਰੇ ਜਾਣਦੇ ਹਾਂ।<br>ਹ. ਬਹੁਤੀਆਂ ਗੱਲਾਂ ਕਰਨ ਵਾਲੇ ਨੂੰ ਕੀ ਆਖਦੇ ਹਨ?ਹੇਠ ਦਿੱਤੇ ਵਿਕਲਪਾਂ ਅਨੁਸਾਰ ਚੁਣੋ।<br>i) ਵਿਹਲਾ ii) ਗਾਲ੍ਹੜੀ<br>iii) ਝਗੜਾਲੂ iv) ਮਜ਼ਾਕੀਆ<br>ਕ. ਹੇਠ ਲਿਖੇ ਸ਼ਬਦਾਂ ਵਿੱਚੋਂ ਖਾਸ ਨਾਂਵ ਚੁਣੋ।<br>i) ਪੈੱਨ ii) ਖੇਡ<br>iii) ਜਮਾਤ iv) ਪੰਜਾਬ<br>ਖ.ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਪੜਨਾਂਵ ਹੈ? | 1x10=10 |

| | | |
|---|---|---|
| | i) ਤੁਸੀਂ ii) ਬਸੰਤ<br>iii) ਫੁੱਲ iv) ਪਿਆਲਾ<br>ਗ. 'ਰਮੇਸ਼ ਵਧੀਆ ਗਾਉਂਦਾ ਹੈ।' ਵਾਕ ਵਿੱਚੋਂ ਵਿਸ਼ੇਸ਼ਣ ਚੁਣੋ।<br>i) ਰਮੇਸ਼ ii) ਵਧੀਆ<br>iii) ਗਾਉਂਦਾ iv) ਹੈ<br>ਘ. ਹੇਠ ਦਿੱਤੇ ਵਾਕ ਵਿੱਚੋਂ ਸਕਰਮਕ ਕਿਰਿਆ ਚੁਣੋ।<br>i) ਪਸ਼ੂ ਘਾਹ ਚਰਦੇ ਹਨ। ii) ਬੱਚੇ ਪੜ੍ਹਦੇ ਹਨ।<br>iii) ਮੁੰਡਾ ਜਾਂਦਾ ਹੈ। iv) ਪੰਛੀ ਬੈਠੇ ਹਨ।<br>ਙ. ਸਧਾਰਨ ਵਾਕ ਦੇ ਅੰਤ ਵਿੱਚ ਕਿਹੜਾ ਵਿਸਰਾਮ ਚਿੰਨ੍ਹ ਲਗਦਾ ਹੈ।<br>i) ਕਾਮਾ ii) ਪ੍ਰਸ਼ਨ ਚਿੰਨ੍ਹ<br>iii) ਡੈਸ਼ iv) ਡੰਡੀ<br>ਚ. 'ਹੱਥ ਅਟਕਾਣਾ' ਮੁਹਾਵਰੇ ਦਾ ਹੇਠ ਲਿਖੇ ਅਨੁਸਾਰ ਕਿਹੜਾ ਢੁਕਵਾਂ ਅਰਥ ਹੈ?<br>i) ਰਸਤਾ ਰੋਕਣਾ ii) ਰੁਕਾਵਟ ਪੈਦਾ ਕਰਨਾ<br>iii) ਹੱਥ ਮਿਲਾਉਣਾ iv) ਗਲੇ ਮਿਲਣਾ<br>ਛ. 'ਵਿਦਿਆਰਥੀ ਜਮਾਤ ਵਿੱਚ ਹਾਜ਼ਰ ਹੈ।' ਇਸ ਵਾਕ ਵਿੱਚ ਕਾਰਕ ਦੀ ਕਿਹੜੀ ਕਿਸਮ ਹੈ?<br>i) ਕਰਤਾ ਕਾਰਕ ii) ਅਧਿਕਰਨ ਕਾਰਕ<br>iii) ਸੰਬੋਧਨ ਕਾਰਕ iv) ਕਰਨ ਕਾਰਕ | |
| | **ਭਾਗ- ੲ (ਲਿਖਣ ਕੌਸ਼ਲ)** | |
| 3. | ਕਿਸੇ ਇੱਕ ਵਿਸ਼ੇ ਉੱਤੇ ਪੰਜ ਸਤਰਾਂ ਵਿੱਚ ਲੇਖ ਲਿਖੋ।<br>ਕੋਈ ਰਾਸ਼ਟਰੀ ਤਿਉਹਾਰ<br>ਜਾਂ<br>ਸਮੇਂ ਦਾ ਮਹੱਤਵ | 5 |
| 4. | ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।<br>ਜਾਂ<br>ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ। | 5 |
| 5. | ਹੇਠ ਦਿੱਤੇ ਸ਼ਬਦਾਂ ਦੀ ਸਹਾਇਤਾ ਨਾਲ ਪੰਜ ਸਤਰਾਂ ਵਿੱਚ ਚਿੱਤਰ ਦਾ ਵਰਨਣ ਕਰੋ।<br>( ਰੁੱਖ, ਘਰ, ਖੂਹ,ਪਹਾੜ, ਬੱਦਲ, ਆਸਮਾਨ, ਪੰਛੀ, ਹਰਿਆਲੀ, ਸੜਕ, ਹਰਾ, ਪੀਲਾ, ਚਿੱਟਾ, ਸੰਤਰੀ, ਨੀਲਾ, ਕਾਲਾ ) | 5 |

| | | |
|---|---|---|
| | <br><br>**ਨੋਟ - ਇਹ ਪ੍ਰਸ਼ਨ ਕੇਵਲ ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਹੈ।**<br>'ਤੁਹਾਡੀ ਮਨਪਸੰਦ ਖੇਡ ਕਿਹੜੀ ਹੈ? ਉਸ ਬਾਰੇ ਪੰਜ ਸਤਰਾਂ ਲਿਖੋ। | |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ)** | |
| 6. | ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਦਿਉ। (ਕੋਈ ਪੰਜ)<br>ੳ. ਫ਼੍ਰਾਂਸ ਵਿੱਚ ਭਾਰੀ ਜ਼ੁਰਮਾਨਾ ਕਿਉਂ ਭਰਨਾ ਪੈਂਦਾ ਹੈ?<br>i) ਘੁੰਮਣ ਕਰਕੇ ii) ਸਫ਼ਾਈ ਕਰਨ ਕਰਕੇ<br>iii) ਗੱਡੀ ਚਲਾਉਣ ਕਰਕੇ iv) ਗੰਦਗੀ ਫੈਲਾਉਣ ਕਰਕੇ<br>ਅ. ਅਰੂਨਿਮਾ ਸਿਨਹਾ ਆਪਣੇ ਜਨੂੰਨ ਨੂੰ ਕਿਸ ਤੋਂ ਉੱਚਾ ਮੰਨਦੀ ਹੈ?<br>i) ਅਸਮਾਨ ਤੋਂ ii) ਖੇਡਾਂ ਤੋਂ<br>iii) ਬਿਪਤਾ ਤੋਂ iv) ਐਵਰੈਸਟ ਤੋਂ<br>ੲ. ਅਕਬਰ ਕਿੱਥੇ ਬੈਠਾ ਹੋਇਆ ਸੀ?<br>i) ਦਰਬਾਰ ਵਿੱਚ ii) ਬਾਗ ਵਿੱਚ<br>iii) ਮਹਿਲ ਵਿੱਚ iv) ਹਸਪਤਾਲ ਵਿੱਚ<br>ਸ. ਸੁਤੰਤਰ ਭਾਰਤ ਵਿੱਚ ਫੂਲ ਵਾਲੋਂ ਕੀ ਸੈਰ ਮੇਲਾ ਕਦੋਂ ਸ਼ੁਰੂ ਹੋਇਆ?<br>i) 1965 ਵਿੱਚ ii) 1947 ਵਿੱਚ<br>iii) 1962 ਵਿੱਚ iv) 1950 ਵਿੱਚ | 1x5=5 |

| | | |
|---|---|---|
| | ਹ. ਛੋਟੇ ਨੂੰ ਪੈੱਨ ਕਿਸਨੇ ਮੰਗਵਾ ਕੇ ਦਿੱਤਾ?<br>i) ਬਾਪੂ ਨੇ ii) ਮਾਂ ਨੇ<br>iii) ਬੀਬਾ ਨੇ iv) ਵੱਡੇ ਨੇ<br>ਕ. ਬਸੰਤ ਵਾਲੇ ਦਿਨ ਕਵੀ ਕਿਹੜੇ ਚੋਲ ਚਾੜ੍ਹਨ ਲਈ ਕਹਿੰਦਾ ਹੈ?<br>i) ਪੀਲੇ ii) ਚਿੱਟੇ<br>iii) ਲਾਲ iv) ਹਰੇ<br>ਖ. ਲੱਕੜਹਾਰਿਆਂ ਨੇ ਕਿਸਦੀ ਪੁਕਾਰ ਨਾ ਸੁਣੀ?<br>i) ਬੱਚਿਆਂ ਦੀ ii) ਕੁਦਰਤ ਦੀ<br>iii) ਪੰਛੀਆਂ ਦੀ iv) ਔਰਤਾਂ ਦੀ | |
| 7. | ਹੇਠਾਂ ਪਾਠ-ਪੁਸਤਕ ਵਿੱਚੋਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।<br>ਮੇਜ਼ ਵੱਲ ਦੇਖ ਕੇ ਤੇ ਆਲੋਕ ਦੀਆਂ ਗੱਲਾਂ ਸੁਣ ਕੇ ਪ੍ਰਿੰਸੀਪਲ ਜੀ ਹੱਕੇ-ਬੱਕੇ ਰਹਿ ਗਏ। ਉਹ ਕੁਰਸੀ ਤੋਂ ਉੱਠ ਕੇ ਆਲੋਕ ਦੇ ਕੋਲ ਆ ਗਏ। ਉਹਨਾਂ ਨੇ ਉਹਦੀ ਪਿੱਠ ਥਾਪੜੀ ਤੇ ਕਿਹਾ, "ਸ਼ਾਬਾਸ਼, ਬੇਟਾ! ਇਹ ਤੂੰ ਵਧੀਆ ਕੰਮ ਕਰਦੈਂ, ਇਸੇ ਤਰ੍ਹਾਂ ਕਰਦਾ ਰਹਿ। ਗੋਪੀ ਵਰਗਿਆਂ ਦੀ ਪਰਵਾਹ ਨਾ ਕਰ। ਮੈਂ ਤੈਥੋਂ ਬਹੁਤ ਖੁਸ਼ ਹਾਂ।" ਫੇਰ ਉਹਨਾਂ ਨੇ ਆਲੋਕ ਨੂੰ ਹੌਲੀ-ਹੌਲੀ ਕੁਝ ਗੱਲਾਂ ਸਮਝਾਈਆਂ ਤੇ ਉਹਨੂੰ ਉਹਦੀ ਜਮਾਤ ਵਿੱਚ ਭੇਜ ਦਿੱਤਾ।<br>ੳ. ਪ੍ਰ- ਆਲੋਕ ਦੀਆਂ ਗੱਲਾਂ ਸੁਣ ਕੇ ਪ੍ਰਿੰਸੀਪਲ ਜੀ ਨੂੰ ਕਿਵੇਂ ਮਹਿਸੂਸ ਹੋਇਆ?<br>ਅ. ਪ੍ਰ- ਪ੍ਰਿੰਸੀਪਲ ਜੀ ਕਿੱਥੋਂ ਉੱਠ ਕੇ ਆਲੋਕ ਦੇ ਕੋਲ ਆਏ?<br>ੲ. ਪ੍ਰ- ਪ੍ਰਿੰਸੀਪਲ ਜੀ ਨੇ ਆਲੋਕ ਦੀ ਪਿੱਠ ਥਾਪੜ ਕੇ ਕੀ ਕਿਹਾ?<br>ਸ. ਪ੍ਰ- ਪ੍ਰਿੰਸੀਪਲ ਜੀ ਨੇ ਕਿਹਨਾਂ ਵਰਗਿਆਂ ਦੀ ਪਰਵਾਹ ਨਾ ਕਰਨ ਲਈ ਕਿਹਾ?<br>ਹ. ਪ੍ਰ- ਪ੍ਰਿੰਸੀਪਲ ਜੀ ਨੇ ਆਲੋਕ ਨੂੰ ਕਿੱਥੇ ਭੇਜ ਦਿੱਤਾ? | 1x5=5 |
| 8. | ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕ ਅੱਗੇ (√) ਅਤੇ ਗਲਤ ਵਾਕ ਅੱਗੇ (x) ਦਾ ਨਿਸ਼ਾਨ ਲਗਾਉ। (ਕੋਈ ਪੰਜ)<br>ੳ. ਪ੍ਰਿੰਸੀਪਲ ਨੇ ਆਲੋਕ ਨੂੰ ਡਾਂਟਿਆ।<br>ਅ. ਅਰੁਨਿਮਾ ਸਿਨਹਾ ਨੂੰ ਖੇਡਾਂ ਵਿੱਚ ਦਿਲਚਸਪੀ ਨਹੀਂ ਸੀ।<br>ੲ. ਬੀਰਬਲ ਨੇ ਅਕਬਰ ਨੂੰ ਪਾਣੀ ਪੀਣ ਤੋਂ ਰੋਕਿਆ।<br>ਸ. ਵਿਸਾਖੀ ਉਤਰਾਂਚਲ ਦਾ ਪ੍ਰਸਿੱਧ ਮੇਲਾ ਹੈ।<br>ਹ. ਬਸੰਤ ਸਭ ਲਈ ਖੁਸ਼ੀਆਂ ਲੈ ਕੇ ਆਉਂਦੀ ਹੈ।<br>ਕ. ਵੱਡੇ ਨੇ ਪੈੱਨ ਸੰਦੂਕੜੀ ਵਿੱਚ ਪਾ ਦਿੱਤਾ।<br>ਖ. ਰੇਨੀ ਪਿੰਡ ਦੀ ਜਿੱਤ ਪਿੱਛੋਂ 'ਚਿਪਕੋ ਲਹਿਰ' ਖਤਮ ਹੋ ਗਈ। | 1x5=5 |
| 9. | ਮਿਲਾਨ ਕਰੋ।<br>ਭਾਗ- I ਭਾਗ- II | 1x5=5 |

| | | |
|---|---|---|
| | ਅਰੂਨਿਮਾ ਸਿਨਹਾ ਰੁੱਖ<br>ਫੂਲ ਵਾਲੋਂ ਕੀ ਸੈਰ ਪੜਛੱਤੀ<br>ਲੱਕੜਹਾਰੇ ਮੇਲਾ<br>ਫੁੱਲ ਰੇਲ ਦੁਰਘਟਨਾ<br>ਸੰਦੂਕੜੀ ਮਹਿਕ | |
| 10. | ਖਾਲੀ ਥਾਵਾਂ ਵਿੱਚ ਦਿੱਤੇ ਗਏ ਸਹੀ ਵਿਕਲਪ ਭਰੋ। (ਕੋਈ ਪੰਜ)<br>(ਪੱਖਾ, ਸ਼ਰਮਿੰਦੇ, ਕੂੜਾ, ਸ਼ਿੰਗਾਰ, ਪਾਣੀ, ਗੱਲਾਂ, ਖੁਦ-ਬਖੁਦ)<br>ੳ. ਆਲੋਕ ਨੂੰ ________ ਚੰਗਾ ਨਾ ਲੱਗਿਆ।<br>ਅ. ਉਹ ਆਪਣੇ ਸਾਰੇ ਕੰਮ _________ ਕਰਨ ਲੱਗੀ।<br>ੲ. ਅਕਬਰ ਨੇ ਨੌਕਰ ਨੂੰ _________ ਲਿਆਉਣ ਦਾ ਇਸ਼ਾਰਾ ਕੀਤਾ।<br>ਸ. ਯੋਗਮਾਇਆ ਮੰਦਰ ਵਿੱਚ ਲੋਕ _________ ਭੇਂਟ ਕਰਦੇ ਹਨ।<br>ਹ. ਛੋਟੇ ਨੂੰ ਅਜੀਬ-ਅਜੀਬ __________ ਸੁੱਝ ਰਹੀਆਂ ਸਨ।<br>ਕ. ਬਸੰਤ ਸੋਹਣਾ ________ ਕਰਕੇ ਆਈ ਹੈ।<br>ਖ. ___________ ਹੋਏ ਬੰਦੇ ਮੁੜ ਗਏ। | 1x5=5 |